1102
7/7/23

ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ,
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ
ਚੌਥੀ ਮੰਜਿਲ, ਐਸ.ਏ.ਐਸ. ਨਗਰ
(ਸੈਕੰਡਰੀ ਸਿੱਖਿਆ ਸਾਖਾ)

ਵੱਲ,

ਸਮੂਹ ਜਿਲ੍ਹਾਂ ਸਿੱਖਿਆ ਅਫਸਰ(ਸੈ:ਸਿ:)/(ਐ:ਸਿ:)
ਸਮੂਹ ਸਕੂਲ ਮੁੱਖੀ/ਅਧਿਆਪਕ (ਵੈਬਸਾਇਟ ਰਾਂਹੀ)।

ਮੀਮੋ ਨੰ ਈ- 522468-2023 ਸੈਸਿ (2)/2023186154
ਮਿਤੀ ਸ.ਅ.ਸ ਨਗਰ 06/07/2023

ਵਿਸ਼ਾ :- ਸਾਲ 2023 ਲਈ ਅਧਿਆਪਕ ਸਟੇਟ ਅਵਾਰਡ, ਯੰਗ ਅਧਿਆਪਕ ਅਵਾਰਡ ਅਤੇ ਪ੍ਰਬੰਧਕੀ ਅਵਾਰਡ ਦੀਆ ਨੋਮੀਨੇਸ਼ਨਸ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ, ਸਿੱਖਿਆ ਵਿਭਾਗ ਵਲੋ ਹਰ ਸਾਲ ਦੀ ਤਰ੍ਹਾਂ ਅਧਿਆਪਕ ਸਟੇਟ ਅਵਾਰਡ, ਯੰਗ ਅਧਿਆਪਕ ਅਵਾਰਡ ਅਤੇ ਪ੍ਰਬੰਧਕੀ ਅਵਾਰਡ ਸਾਲ 2023 ਲਈ ਦਿੱਤੇ ਜਾਣੇ ਹਨ। ਇਸ ਸਬੰਧ ਵਿੱਚ ਸਾਰੇ ਅਧਿਆਪਕਾਂ/ਸਕੂਲ ਮੁੱਖੀਆਂ/ਪ੍ਰਬੰਧਕਾ ਵਲੋ ਆਨ ਲਾਇਨ ਪੋਰਟਲ ਤੇ ਨੋਮੀਨੇਸ਼ਨਸ ਕੀਤੀਆਂ ਜਾਂਦੀਆ ਰਹੀਆ ਹਨ। ਇਸ ਸਾਲ ਆਨ- ਲਾਇਨ ਪੋਰਟਲ ਵਿੱਚ ਕੁਝ ਤਕਨੀਕੀ ਕਾਰਨਾਂ ਕਰਕੇ ਪੋਰਟਲ ਹਾਲ ਦੀ ਘੜੀ ਕੰਮ ਨਹੀ ਕਰ ਰਿਹਾ।

ਸਮੂਹ ਅਧਿਆਪਕਾਂ/ਸਕੂਲ ਮੁੱਖੀਆਂ/ਪ੍ਰਬੰਧਕਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹਨਾਂ ਵਲੋ ਸਟੇਟ ਅਵਾਰਡ 2023 ਲਈ ਆਪਣੇ ਨੋਮੀਨੇਟ ਕੀਤੇ ਜਾਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੇ ਦਸਤਾਵੇਜ ਹਰ ਪੱਖੋ ਮੁਕੰਮਲ ਕੀਤੇ ਜਾਣ। ਇਹ ਆਨ- ਲਾਇਨ ਪੋਰਟਲ ਜਦੋ ਵੀ ਮੁੜ ਸ਼ੁਰੂ ਹੁੰਦਾ ਹੈ ਜਾ ਇਸ ਦੀ ਥਾਂ ਤੇ ਸਰਕਾਰ ਵਲੋ ਕੋਈ ਹੋਰ ਬਦਲਵਾ ਪ੍ਰਬੰਧ ਕੀਤਾ ਜਾਂਦਾ ਹੈ ਤਾਂ ਉਸ ਅਨੁਸਾਰ ਸਮਾਂ ਸਾਰਣੀ ਜਾਰੀ ਕਰਦੇ ਹੋਏ ਆਪ ਨੂੰ ਸੂਚਿਤ ਕਰ ਦਿਤਾ ਜਾਵੇਗਾ।

ਕਿਉ ਜੋ ਤਕਨੀਕੀ ਕਾਰਨਾਂ ਕਰਕੇ ਆਨ-ਲਾਇਨ ਪੋਰਟਲ ਨੂੰ ਸਮਾਂ ਲੱਗ ਸਕਦਾ ਹੈ ਇਸ ਲਈ ਸਟੇਟ ਅਵਾਰਡ ਦੀ ਪ੍ਰੀਕ੍ਰਿਆਂ ਨੂੰ ਮੁਕੰਮਲ ਕਰਨ ਲਈ ਘੱਟ ਸਮਾਂ ਹੋਵੇਗਾ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀਆਂ ਨੋਮੀਨੇਸ਼ਨਜ ਨਾਲ ਸੰਬਧਤ ਦਸੱਤਾਵੇਜ ਪਹਿਲਾ ਹੀ ਮੁਕੰਮਲ ਕਰ ਲਏ ਜਾਣ।

ਸਹਾਇਕ ਡਾਇਰੈਕਟਰ(ਸੈ:ਸਿ:)

ਮਿਤੀ: 07/07/23